# ਚੋਣਾਂ ’08: ਇੱਕ ਰੋਡਮੈਪ (ਖ਼ਾਕਾ)

**ਇਥੋਂ ਸ਼ੁਰੂ ਕਰੋ !**



## *ਐਲਾਨ*

ਉਮੀਦਵਾਰ ਐਲਾਨ ਕਰਦੇ ਹਨ ਕਿ ਉਹ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜੇਗਾ।

## *ਸਟੇਟ ਪ੍ਰਾਇਮਰੀ ਅਤੇ ਕਾਕਸ (ਰਾਜਸੀ ਗੁੱਟ) ਮੁਹਿੰਮ (ਕੈਂਪੇਨ)*

ਉਮੀਦਵਾਰ ਵੱਖ ਵੱਖ ਸਟੇਟਾਂ ਵਿੱਚ ਪ੍ਰਚਾਰ ਕਰਦੇ ਹਨ ਜਿਸ ਨਾਲ ਉਹ ਸਟੇਟ ਦੇ ਪ੍ਰਾਇਮਰੀ ਜਾਂ ਕਾਕਸ ਤਕ ਪਹੁੰਚਦੇ ਹਨ।

## *ਕਾਕਸਸ ਅਤੇ ਪ੍ਰਾਇਮਰੀਆਂ*

***ਸਟੇਟ ਕਾਕਸ:*** ਹਰ ਪਾਰਟੀ ਦੇ ਰਜਿਸਟਰਡ ਵੋਟਰ, ਉਨ੍ਹਾਂ ਗਰੁੱਪਾਂ, ਜੋ ਉਸ ਉਮੀਦਵਾਰ ਦੀ ਹਿਮਾਇਤ ਕਰਦੇ ਹਨ, ਵਿੱਚ ਸ਼ਾਮਲ ਹੋ ਕੇ, ਆਪਣਾ ਉਮੀਦਵਾਰ ਚੁਣਦੇ ਹਨ।

***ਸਟੇਟ ਪ੍ਰਾਇਮਰੀ:*** ਹਰ ਪਾਰਟੀ ਦੇ ਰਜਿਸਟਰਡ ਵੋਟਰ ਉਸੇ ਤਰ੍ਹਾਂ ਦੇ ਅਮਲ ਨਾਲ ਵੋਟਾਂ ਦੇਂਦੇ ਹਨ, ਜਿਸਦੀ ਪਾਲਣਾ ਆਮ ਚੋਣਾ ਸਮੇਂ ਕੀਤੀ ਜਾਂਦੀ ਹੈ।

ਕਾਕਸਸ ਅਤੇ ਪ੍ਰਾਇਮਰੀਆਂ **ਪ੍ਰੋਪੋਸ਼ਨਲ (ਅਨੁਪਾਤੀ)** ਜਾਂ **ਵਿਨਰ-ਟੇਕਸ-ਆਲ** (ਜੇਤੂ ਸਭ ਲੈ ਜਾਏਗਾ) ਦੋਹਾਂ ਤਰ੍ਹਾਂ ਦੀਆਂ ਹੋ ਸਕਦੀਆਂ ਹਨ। ਵਿਨਰ–ਟੇਕਸ–ਆਲ ਪ੍ਰਾਇਮਰੀਆਂ ਅਤੇ ਕਾਕਸਸ ਵਿੱਚ, ਸਭ ਤੋਂ ਵੱਧ ਵੋਟਾਂ ਲੈਣ ਵਾਲਾ ਉਮੀਦਵਾਰ, ਉਸ ਸਟੇਟ ਦੇ ਸਭ ਡੈਲੀਗੇਟਾਂ ਦੀ ਹਿਮਾਇਤ ਪ੍ਰਾਪਤ ਕਰ ਲੈਂਦਾ ਹੈ। ਪ੍ਰੋਪੋਸ਼ਨਲ ਕਾਕਸਸ ਅਤੇ ਪ੍ਰਾਇਮਰੀਆਂ ਵਿੱਚ ਹਰ ਉਮੀਦਵਾਰ ਨੂੰ ਹਾਸਲ ਕੀਤੀਆਂ ਵੋਟਾਂ ਦੀ ਫੀਸਦ ਦੇ ਬਰਾਬਰ ਦੀ ਡੈਲੀਗੇਟਾਂ ਦੀ ਫੀਸਦ ਮਿਲਦੀ ਹੈ।



## *ਨੈਸ਼ਨਲ ਕਨਵਨਸ਼ਨਸ (ਰਾਸ਼ਟਰੀ ਸਮਲਨ)*

ਹਰ ਮੁੱਖ ਪਾਰਟੀ ਆਪਣੇ ਡੈਲੀਗੇਟਾਂ, ਸੁਪਰ ਡੈਲੀਗੇਟਾਂ ਅਤੇ ਸਟੇਟ ਅਤੇ ਰਾਸ਼ਟਰੀ ਪਾਰਟੀ ਦੇ ਅਧਿਕਾਰੀਆਂ ਨੂੰ ਬੁਲਾਂਦੀ ਹੈ। ਇੱਕ ਸਿਆਸੀ ਪਾਰਟੀ ਦੀ ਨੈਸ਼ਨਲ ਕਨਵੈਨਸ਼ਨ ਵਿੱਚ ਇੱਕ ਡੈਲੀਗੇਟ ਦੀ ਭੂਮਿਕਾ ਪ੍ਰੈਜ਼ੀਡੈਂਟ (ਰਾਸ਼ਟਰਪਤੀ) ਦੀ ਚੋਣ ਦੀ ਦੌੜ ਵਿੱਚ, ਆਪਣੀ ਪਾਰਟੀ ਦੇ ਨਾਮਜ਼ਦ ਉਮੀਦਵਾਰ ਦੀ ਚੋਣ ਕਰਨਾ ਹੈ। ਇੱਕ ਸਿਆਸੀ ਪਾਰਟੀ ਦੇ ਅੰਦਰ, ਇੱਕ ਨਾਮਜ਼ਦਗੀ ਜਿੱਤਣ ਲਈ, ਇੱਕ ਉਮੀਦਵਾਰ ਲਈ ਡੈਲੀਗੇਟਾਂ ਦੀਆਂ ਵੋਟਾਂ ਬਹੁ ਗਿਣਤੀ ਵਿੱਚ ਜਿੱਤਣੀਆਂ ਜ਼ਰੂਰੀ ਹਨ।

ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਵਿੱਚ, ਡੈਲੀਗੇਟਾਂ ਨੇ ਸੈਨੇਟਰ ਔਬਾਮਾ (Obama) ਅਤੇ ਸੈਨੇਟਰ ਬਿਡਨ (Biden) ਨੂੰ ਡੈਮੋਕਰੈਟਿਕ ਪਾਰਟੀ ਦੀ ਨਾਮਜ਼ਦਗੀ ਜਿੱਤਣ ਲਈ ਚੁਣਿਆਂ ਸੀ। ਰੀਪਬਲੀਕਨ ਨੈਸ਼ਨਲ ਕਨਵੈਨਸ਼ਨ, ਵਿੱਚ ਡੈਲੀਗੇਟਾਂ ਨੇ ਸੈਨੇਟਰ ਮੈਕੇਨ (McCain) ਅਤੇ ਗਵਰਨਰ ਪਾਲਨ (Palin) ਨੂੰ ਰੀਪਬਲੀਕਨ ਪਾਰਟੀ ਦੀ ਨਾਮਜ਼ਦਗੀ ਜਿੱਤਣ ਲਈ ਚੁਣਿਆ ਸੀ।




## *ਆਮ ਚੋਣਾਂ ਲਈ ਮੁਹਿੰਮ (ਪ੍ਰਚਾਰ)*

ਪ੍ਰੈਜ਼ੀਡੈਂਟ (ਰਾਸਟਰਪਤੀ) ਅਤੇ ਵਾਈਸ–ਪ੍ਰੈਜ਼ੀਡੈਂਟ (ਉਪ–ਰਾਸ਼ਟਰਪਤੀ) ਦੀ ਮੁਹਿੰਮ ਲਈ ਉਮੀਦਵਾਰ ਅਹਿਮ ਮੁੱਦਿਆਂ ਬਾਰੇ ਆਪਣਾ ਪੱਖ ਦੱਸਣ ਲਈ ਬਹਿਸਾਂ ਵਿੱਚ ਹਿੱਸਾ ਲੈਂਦੇ ਹਨ।

## *ਚੋਣਾ ਦਾ ਦਿਨ (4 ਨਵੰਬਰ)*

ਪੂਰੇ ਦੇਸ਼ ਵਿੱਚ ਰਜਿਸਟਰਡ ਵੋਟਰ ਪ੍ਰੈਜ਼ੀਡੈਂਟ ਅਤੇ ਵਾਈਸ-ਪ੍ਰੈਜ਼ੀਡੈਂਟ ਲਈ ਆਪਣੀਆਂ ਵੋਟਾਂ ਪਾਂਦੇ ਹਨ। ਕਈ ਵਿਸ਼ੇਸ਼ ਸਟੇਟਾਂ ਵੋਟਰਾਂ ਨੂੰ ਦੂਰਵਾਸੀ (ਗੈਰ ਹਾਜ਼ਰੀ ਵਿੱਚ) ਵੋਟ ਲਈ ਜਾਂ ਜਲਦੀ ਵੋਟ ਦੇਣ ਦੀ ਆਗਿਆ ਦੇ ਦੇਂਦੀਆਂ ਹਨ, ਤਾਂ ਜੋ ਇਹ ਮਤਦਾਨ ਚੋਣ ਦਿਨ ਤੋਂ ਪਹਿਲਾਂ ਹੋ ਸਕੇ।



## *ਇਲੈਕਟੋਰਲ ਕਾਲਜ (ਚੋਣਕਾਰੀ ਕਾਲਜ) (ਦਸੰਬਰ 15)*

ਹਰ ਸਟੇਟ ਦੇ ਮੈਂਬਰ ਇਹ ਫੈਸਲਾ ਕਿ ਕਿਸ ਉਮੀਦਵਾਰ ਦੀ ਚੋਣ ਕੀਤੀ ਜਾਏ, ਇਸ ਆਧਾਰ ਤੇ ਕਰਦੇ ਹਨ, ਕਿ ਉਨ੍ਹਾਂ ਦੀ ਸਟੇਟ ਵਿੱਚ ਵੋਟਰਾਂ ਨੇ ਚੋਣ ਦਿਨ ਤੇ ਕਿਸਤਰ੍ਹਾਂ ਵੋਟ ਦਿੱਤੀ ਹੈ।



## *ਉਦਘਾਟਨ (ਜਨਵਰੀ 20)*

ਜੋ ਉਮੀਦਵਾਰ ਪ੍ਰੈਜ਼ੀਡੈਂਟ ਅਤੇ ਵਾਈਸ ਪ੍ਰੈਜ਼ੀਡੈਂਟ ਦੇ ਅਹੁਦੇ ਲਈ ਚੁਣੇ ਜਾਂਦੇ ਹਨ, ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਜਾਂਦੀ ਹੈ, ਅਤੇ ਨਵਾਂ ਪ੍ਰਸ਼ਾਸਨ ਸਰਕਾਰੀ ਤੌਰ ਤੇ ਸ਼ੁਰੂ ਹੋ ਜਾਂਦਾ ਹੈ।

## *ਕੀ ਮੇਰੀ ਵੋਟ ਸੱਚਮੁਚ ਅਹਿਮ ਹੈ ?*

ਹਾਂ ! ਵੋਟ ਦੇਣ ਨਾਲ ਤੁਸੀਂ ਅਮਰੀਕਨ ਲੋਕਰਾਜ ਵਿੱਚ ਹਿੱਸਾ ਲੈ ਰਹੇ ਹੁੰਦੇ ਹੋ: ਆਪਣੀ ਆਵਾਜ਼ ਸੁਣਾ ਸੱਕਣ ਨਾਲ ਅਤੇ ਜਿਨ੍ਹਾਂ ਮੁੱਦਿਆਂ ਬਾਰੇ ਤੁਸੀਂ ਮਹਿਸੂਸ ਕਰਦੇ ਹੋ, ਉਨ੍ਹਾਂ ਨੂੰ ਸਾਹਮਣੇ ਲਿਆਕੇ। ਇਹ ਫੈਸਲਾ ਕਰਨ ਨਾਲ ਕਿ ਸਥਾਨਕ, ਸਟੇਟ ਅਤੇ ਫੈਡਰਲ ਸਰਕਾਰ ਵਿੱਚ ਤੁਹਾਡੀ ਨੁਮਾਇੰਦਗੀ ਕੌਣ ਕਰੇਗਾ ਤੁਹਾਡੀ ਵੋਟ ਉਨ੍ਹਾਂ ਨੀਤੀਆਂ ਅਤੇ ਕਾਨੂੰਨਾ ਜੋ ਸਭ ਅਮਰੀਕਨਾਂ ਦੀ ਰੋਜ਼ਾਨਾ ਜ਼ਿੰਦਗੀ ਤੇ ਅਸਰ ਪਾਂਦੀਆਂ ਹਨ, ਨੂੰ ਬਣਾਉਣ ਵਿੱਚ ਸਹਾਇਤਾ ਕਰ ਸਕਦੀ ਹੈ।

ਇੱਕ *ਰੋਡਮੈਪ (ਖ਼ਾਕਾ)* ਇੱਕ ਸਿਖਿਅਕ ਤੱਥ ਸ਼ੀਟ ਹੈ, ਜੋ ਵੋਟਰਾਂ ਦੇ ਰੁਝੇਂਵੇ ਬਾਰੇ ਦਸਤਾਵੇਜ਼ਾਂ ਦੀ ਲੜੀ ਦਾ ਇੱਕ ਹਿੱਸਾ ਹੈ ਅਤੇ ਇਸਨੂੰ SAALT ਨੇ 2008 ਵਿੱਚ ਤਿਆਰ ਕੀਤਾ ਹੈ।

Images courtesy of Rini Art®
ਸਾਊਥ ਏਸ਼ੀਅਨ ਅਮਰੀਕਨਜ਼ ਲੀਡਿੰਗ ਟੂਗੈਦਰ ਨੇ ਤਿਆਰ ਕੀਤਾ,
ਸਤੰਬਰ 2008 www.saalt.org

*ਅਸੀਂ ਇਸਦੀ ਨਕਲ ਅਤੇ ਪ੍ਰਸਾਰਣ ਨੂੰ ਉਤਸਾਹਿਤ ਕਰਦੇ ਹਾਂ*